| West of Scotland will work with the new Woodlands and Garnethill Residents Association to gather views on how to improve the attractiveness and management of the local environment (streetscape/active travel initiatives) in partnership with Glasgow City Council and local partners and funders. | ਵੈਸਟ ਆਫ਼ ਸਕੋਟਲੈਂਡ ਗਲਾਸਗੋ ਸਿਟੀ ਕੌਂਸਲ ਅਤੇ ਸਥਾਨਕ ਭਾਈਵਾਲਾਂ ਅਤੇ ਫੰਡਰਾਂ ਨਾਲ ਸਾਂਝੇਦਾਰੀ ਵਿੱਚ ਸਥਾਨਕ ਵਾਤਾਵਰਣ (ਸਟ੍ਰੀਟਸਕੇਪ/ਸਰਗਰਮ ਸਫਰ ਲਈ ਪਹਿਲ-ਕਦਮੀਆਂ) ਦੀ ਆਕਰਸ਼ਕਤਾ ਅਤੇ ਪ੍ਰਬੰਧਨ ਵਿੱਚ ਸੁਧਾਰ ਕਰਨ ਦੇ ਤਰੀਕੇ ਬਾਰੇ ਵਿਚਾਰ ਜਾਣਨ ਲਈ ਵੁੱਡਲੈਂਡਜ਼ ਅਤੇ ਗਾਰਨੇਥਿਲ ਦੀ ਨਵੀਂ ਰੈਜ਼ੀਡੈਂਟਸ ਐਸੋਸੀਏਸ਼ਨ ਨਾਲ ਕੰਮ ਕਰੇਗੀ। |
| West of Scotland will provide a high-quality and responsive repairs service to Charing Cross | ਵੈਸਟ ਆਫ ਸਕੋਟਲੈਂਡ ਚਾਰਿੰਗ ਕਰੌਸ ਦੇ ਕਿਰਾਏਦਾਰਾਂ ਅਤੇ ਗਾਹਕਾਂ ਲਈ ਉੱਚ-ਮਿਆਰੀ ਅਤੇ ਪ੍ਰਤੀਕਿਰਿਆਸ਼ੀਲ ਮੁਰੰਮਤ ਸੇਵਾ |
| tenants and customers. They will have access to West of Scotland's self-service Customer App | ਮੁਹੱਈਆ ਕਰੇਗੀ। ਉਨ੍ਹਾਂ  ਕੋਲ ਵੈਸਟ ਆਫ਼ ਸਕੋਟਲੈਂਡ ਦੀ ਸਵੈ-ਸੇਵਾ ਵਾਲੀ ਕਸਟਮਰ ਐਪ ਹੋਵੇਗੀ ਜਿਸ ਨੂੰ ਉਹ |
| which they can access 24/7 to report repairs and view repairs history. | ਮੁਰੰਮਤ ਦੀ ਰਿਪੋਰਟ ਕਰਨ ਅਤੇ ਮੁਰੰਮਤਾਂ ਦੀ ਪਿਛਲੀ ਜਾਣਕਾਰੀ ਦੇਖਣ ਲਈ 24/7 ਤੱਕ ਪਹੁੰਚ ਕਰ ਸਕਦੇ ਹਨ। |
| Target response times for repairs based on the following key performance indicators: | ਕਾਰਗੁਜ਼ਾਰੀ ਦੇ ਅੱਗੇ ਦਿੱਤੇ ਮੁੱਖ ਸੂਚਕਾਂ ਦੇ ਆਧਾਰ 'ਤੇ ਮੁਰੰਮਤਾਂ ਲਈ ਟੀਚੇ ਵਾਲੇ ਪ੍ਰਤੀਕਿਰਿਆ ਸਮੇਂ: |
| Emergency – 4 hours | ਐਮਰਜੈਂਸੀ - 4 ਘੰਟੇ |
| Non-Emergency – 6 days | ਗੈਰ-ਐਮਰਜੈਂਸੀ - 6 ਦਿਨ |
| West of Scotland operate an appointment service for all non-emergency repairs to ensure that the repair is completed at the tenant's convenience (including Thursday evening and Saturday morning appointments). *7* | ਵੈਸਟ ਆਫ਼ ਸਕੋਟਲੈਂਡ ਸਾਰੀਆਂ ਗੈਰ-ਐਮਰਜੈਂਸੀ ਮੁਰੰਮਤਾਂ ਲਈ ਇੱਕ ਅਪੌਇੰਟਮੈਂਟ ਸੇਵਾ ਚਲਾਉਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੁਰੰਮਤ ਕਿਰਾਏਦਾਰ ਦੀ ਸਹੂਲਤ (ਵੀਰਵਾਰ ਸ਼ਾਮ ਅਤੇ ਸ਼ਨੀਵਾਰ ਸਵੇਰ ਦੀਆਂ ਅਪੌਇੰਟਮੈਂਟਾਂ ਸਮੇਤ) 'ਤੇ ਪੂਰੀ ਕੀਤੀ ਗਈ ਹੈ। *7* |
| Deliver excellent and culturally sensitive services and greater opportunities | ਸ਼ਾਨਦਾਰ ਅਤੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਸੇਵਾਵਾਂ ਅਤੇ ਵਧੇਰੇ ਮੌਕੇ ਪ੍ਰਦਾਨ ਕਰਨੇ |
| West of Scotland will provide services that recognises and embraces the needs of tenants and customers. This will include the implementation of modernised service delivery arrangements for Charing Cross tenants and factoring service customers that will put you at the heart of everything they do and providing a range of support services for tenants. | ਵੈਸਟ ਆਫ਼ ਸਕੋਟਲੈਂਡ ਅਜਿਹੀਆਂ ਸੇਵਾਵਾਂ ਪ੍ਰਦਾਨ ਕਰੇਗੀ ਜੋ ਕਿਰਾਏਦਾਰਾਂ ਅਤੇ ਗਾਹਕਾਂ ਦੀਆਂ ਲੋੜਾਂ ਨੂੰ ਪਛਾਣਦੀਆਂ ਹਨ ਅਤੇ ਉਨ੍ਹਾਂ  ਨੂੰ ਅਪਣਾਉਂਦੀਆਂ ਹਨ। ਇਸ ਵਿੱਚ ਚਾਰਿੰਗ ਕਰੌਸ ਕਿਰਾਏਦਾਰਾਂ ਅਤੇ ਫੈਕਟਰਿੰਗ ਸੇਵਾ ਗਾਹਕਾਂ ਲਈ ਆਧੁਨਿਕ ਸੇਵਾ ਪ੍ਰਦਾਨਗੀ ਦੇ ਪ੍ਰਬੰਧਾਂ ਨੂੰ ਲਾਗੂ ਕਰਨਾ ਸ਼ਾਮਲ ਹੋਵੇਗਾ ਜੋ ਤੁਹਾਨੂੰ ਉਨ੍ਹਾਂ ਦੇ ਹਰ ਕੰਮ ਦੇ ਕੇਂਦਰ ਵਿੱਚ ਰੱਖੇਗਾ ਅਤੇ ਕਿਰਾਏਦਾਰਾਂ ਲਈ ਕਈ ਤਰ੍ਹਾਂ ਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰੇਗਾ। |

| ENGLISH | TARGET LANGUAGE |
| --- | --- |
| West of Scotland is committed to implementing a new customer focused approach to providing services. For the tenants and factoring service customers in Charing Cross this will involve greater choice and flexibility in how you access services, including: | ਵੈਸਟ ਆਫ਼ ਸਕੌਟਲੈਂਡ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਨਵੀਂ ਗਾਹਕ ਕੇਂਦਰਤ ਪਹੁੰਚ ਨੂੰ ਲਾਗੂ ਕਰਨ ਲਈ ਵਚਨਬੱਧ ਹੈ। ਚਾਰਿੰਗ ਕਰੌਸ  ਵਿੱਚ ਕਿਰਾਏਦਾਰਾਂ ਅਤੇ ਫੈਕਟਰਿੰਗ ਸੇਵਾ ਦੇ ਗਾਹਕਾਂ ਲਈ ਇਸ ਬਾਰੇ ਜ਼ਿਆਦਾ ਵਿਕਲਪ ਅਤੇ ਲਚਕਤਾ ਸ਼ਾਮਲ ਹੋਵੇਗੀ ਕਿ ਤੁਸੀਂ ਸੇਵਾਵਾਂ ਤੱਕ ਕਿਵੇਂ ਪਹੁੰਚ ਕਰਦੇ ਹੋ, ਜਿਸ ਵਿੱਚ ਸ਼ਾਮਲ ਹੈ: |
| A specialist Customer Service Team to manage all enquiries made by telephone, email or social media. | ਟੈਲੀਫੋਨ, ਈਮੇਲ ਜਾਂ ਸੋਸ਼ਲ ਮੀਡੀਆ ਦੁਆਰਾ ਕੀਤੀਆਂ ਸਾਰੀਆਂ ਪੁੱਛਗਿੱਛਾਂ ਦਾ ਪ੍ਰਬੰਧਨ ਕਰਨ ਲਈ ਇੱਕ ਮਾਹਰ ਗਾਹਕ ਸੇਵਾ ਟੀਮ। |
| Access to West of Scotland’s Customer App which offers 24/7 access to key tenancy information and the ability to request a number of services requests. | ਵੈਸਟ ਆਫ ਸਕੌਟਲੈਂਡ ਦੇ ਗਾਹਕ ਐਪ ਤੱਕ ਪਹੁੰਚ ਜੋ ਕਿ ਕਿਰਾਏਦਾਰੀ ਸਬੰਧੀ ਮੁੱਖ ਜਾਣਕਾਰੀ ਤੱਕ 24/7 ਪਹੁੰਚ ਅਤੇ ਕਈ ਸੇਵਾਵਾਂ ਲਈ ਕਹਿਣ ਵਾਸਤੇ ਬੇਨਤੀ ਕਰਨ ਦੇ ਸਮਰੱਥ ਬਣਾਉਂਦੀ ਹੈ |
| West of Scotland will keep the current Charing Cross office as a community Hub where West of Scotland and other agencies can deliver local community services to meet the needs of tenants | ਵੈਸਟ ਆਫ਼ ਸਕੌਟਲੈਂਡ ਮੌਜੂਦਾ ਚਾਰਿੰਗ ਕਰੌਸ ਦਫ਼ਤਰ ਨੂੰ ਇੱਕ ਕਮਿਊਨਿਟੀ ਹੱਬ ਵੱਜੋਂ  ਰੱਖੇਗੀ ਜਿੱਥੇ ਵੈਸਟ ਆਫ਼ ਸਕੌਟਲੈਂਡ ਅਤੇ ਹੋਰ ਏਜੰਸੀਆਂ ਕਿਰਾਏਦਾਰਾਂ ਅਤੇ ਵਸਨੀਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਥਾਨਕ ਭਾਈਚਾਰਕ ਸੇਵਾਵਾਂ ਪ੍ਰਦਾਨ ਕਰ ਸਕਦੀਆਂ |
| and residents. | ਹਨ। |
| Tenants of Charing Cross will have access to West of Scotland’s community support and tenancy support services at no additional cost, including the following: | ਚਾਰਿੰਗ ਕਰੌਸ  ਦੇ ਕਿਰਾਏਦਾਰਾਂ ਨੂੰ ਬਿਨਾਂ ਕਿਸੇ ਵਾਧੂ ਕੀਮਤ ਦੇ, ਵੈਸਟ ਆਫ਼ ਸਕੌਟਲੈਂਡ ਦੀ ਭਾਈਚਾਰਕ ਸਹਾਇਤਾ ਅਤੇ ਕਿਰਾਏਦਾਰੀ ਸਹਾਇਤਾ ਸੇਵਾਵਾਂ ਤੱਕ ਪਹੁੰਚ ਹੋਵੇਗੀ, ਜਿਸ ਵਿੱਚ ਅੱਗੇ ਦਿੱਤੀਆਂ ਗੱਲਾਂ ਸ਼ਾਮਲ ਹਨ: |
| Older Persons Service including Retirement Assistants | ਰਿਟਾਇਰਮੈਂਟ ਸਹਾਇਤਾ ਸਮੇਤ ਬਜ਼ੁਰਗ ਵਿਅਕਤੀਆਂ ਦੀ ਸੇਵਾ |
| Handy Persons service to assist with small repairs and jobs around | ਛੋਟੀ ਮੁਰੰਮਤਾਂ ਅਤੇ ਘਰ ਦੇ ਆਲੇ-ਦੁਆਲੇ ਦੇ ਕੰਮਾਂ ਦੀ ਸਹਾਇਤਾ ਕਰਨ ਲਈ ਹੈਂਡੀ |
| the home | ਪਰਸਨਜ਼ ਸੇਵਾ |
| Energy and Money Advice | ਊਰਜਾ ਅਤੇ ਪੈਸੇ ਸਬੰਧੀ ਸਲਾਹ |
| Starter packs for new tenants | ਨਵੇਂ ਕਿਰਾਏਦਾਰਾਂ ਲਈ ਸਟਾਰਟਰ ਪੈਕ |
| Furniture upcycling service | ਫਰਨੀਚਰ ਅਪਸਾਈਕਲਿੰਗ ਸੇਵਾ |
| A digital device lending library and digital support | ਇੱਕ ਡਿਜੀਟਲ ਡਿਵਾਈਸ ਲੈਂਡਿੰਗ ਲਾਇਬ੍ਰੇਰੀ ਅਤੇ ਡਿਜੀਟਲ ਸਹਾਇਤਾ |

| ENGLISH | TARGET LANGUAGE |
|---|---|
| *8* | 8 |
| Strong Governance and Financial Strength | ਮਜ਼ਬੂਤ ਪ੍ਰਸ਼ਾਸਨ ਅਤੇ ਵਿੱਤੀ ਮਜਬੂਤੀ |
| West of Scotland's transfer promise will ensure that the combined organisation will be a | ਵੈਸਟ ਆਫ਼ ਸਕੋਟਲੈਂਡ ਦੇ ਤਬਾਦਲੇ ਦਾ ਵਾਅਦਾ ਇਹ ਯਕੀਨੀ ਬਣਾਏਗਾ ਕਿ ਸੰਯੁਕਤ ਸੰਗਠਨ ਚੰਗੇ ਪ੍ਰਬੰਧ ਅਤੇ ਪ੍ਰਸ਼ਾਸਨ ਵਾਲੀ |
| well-managed and governed and financially strong housing association that delivers best value for tenants. | ਅਤੇ ਵਿੱਤੀ ਤੌਰ 'ਤੇ ਮਜਬੂਤ ਹਾਊਸਿੰਗ ਐਸੋਸੀਏਸ਼ਨ ਹੋਵੇਗੀ ਜੋ ਕਿਰਾਏਦਾਰਾਂ ਲਈ ਬਿਹਤਰੀਨ ਮੁੱਲ ਮੁਹੱਈਆ ਕਰਦੀ ਹੈ। |
| Charing Cross is currently governed by its own Management Committee. If the transfer goes ahead West of Scotland will become responsible for the homes and services. West of Scotland has a strong and skilled Management Board with a mix of tenants and general members that will ensure full compliance with regulatory Standards, good governance, scrutiny, and robust decision making. They have comprehensive and effective governance arrangements in place which meet all legal and regulatory requirements, including the standards set out in the Scottish Housing Regulator's Regulatory Framework. | ਚਾਰਿੰਗ ਕਰੌਸ  ਨੂੰ ਵਰਤਮਾਨ ਵਿੱਚ ਇਸਦੀ ਆਪਣੀ ਪ੍ਰਬੰਧਕੀ ਕਮੇਟੀ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਜੇਕਰ ਤਬਾਦਲਾ ਅੱਗੇ ਵਧਦਾ ਹੈ ਤਾਂ ਵੈਸਟ ਆਫ਼ ਸਕੋਟਲੈਂਡ ਘਰਾਂ ਅਤੇ ਸੇਵਾਵਾਂ ਲਈ ਜ਼ਿੰਮੇਵਾਰ ਹੋਵੇਗੀ। ਵੈਸਟ ਆਫ਼ ਸਕੋਟਲੈਂਡ ਕੋਲ ਕਿਰਾਏਦਾਰਾਂ ਅਤੇ ਆਮ ਮੈਂਬਰਾਂ ਦੇ ਰਲੇਵੇਂ ਵਾਲਾ ਇੱਕ ਮਜ਼ਬੂਤ ਅਤੇ ਕੁਸ਼ਲ ਪ੍ਰਬੰਧਕੀ ਬੋਰਡ ਹੈ ਜੋ ਵਿਨਿਯਮਿਕ ਮਿਆਰਾਂ, ਚੰਗੇ ਪ੍ਰਸ਼ਾਸਨ, ਪੜਤਾਲ ਅਤੇ ਮਜ਼ਬੂਤ ਫੈਸਲੇ ਲੈਣ ਦੀ ਪੂਰੀ ਪਾਲਣਾ ਨੂੰ ਯਕੀਨੀ ਬਣਾਏਗਾ। ਉਨ੍ਹਾਂ ਕੋਲ ਵਿਆਪਕ ਅਤੇ ਪ੍ਰਭਾਵੀ ਪ੍ਰਸ਼ਾਸਨ ਇੰਤਜਾਮ ਤੈਅ ਹਨ ਜੋ ਸਾਰੀਆਂ ਕਾਨੂੰਨੀ ਅਤੇ ਵਿਧਾਨਕ ਲੋੜਾਂ ਨੂੰ ਪੂਰਾ ਕਰਦੇ ਹਨ, ਜਿਸ ਵਿੱਚ ਸਕੌਟਿਸ਼ ਹਾਊਸਿੰਗ ਰੈਗੂਲੇਟਰ ਦੇ ਰੈਗੂਲੇਟਰੀ ਢਾਂਚੇ ਵਿੱਚ ਦਿੱਤੇ ਮਾਪਦੰਡ ਸ਼ਾਮਲ ਹਨ। |
| West of Scotland is committed to working closely with local residents and will establish a new residents association representing the Woodlands and Garnethill communities and increased opportunities for Charing Cross tenants to participate in decision making. Charing Cross tenants will also have the opportunity to join West of Scotland's Tenant Advisory Group. | ਵੈਸਟ ਆਫ ਸਕੋਟਲੈਂਡ ਸਥਾਨਕ ਨਿਵਾਸੀਆਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ ਅਤੇ ਵੁੱਡਲੈਂਡਜ਼ ਅਤੇ ਗਾਰਨਥਿਲ ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਨਵੀਂ ਵਸਨੀਕ ਐਸੋਸੀਏਸ਼ਨ ਦੀ ਸਥਾਪਨਾ ਕਰੇਗੀ ਅਤੇ ਚਾਰਿੰਗ ਕਰੌਸ ਕਿਰਾਏਦਾਰਾਂ ਲਈ ਫੈਸਲੇ ਲੈਣ ਵਿੱਚ ਹਿੱਸਾ ਲੈਣ ਦੇ ਮੌਕੇ ਵਧਾਏਗੀ। ਚਾਰਿੰਗ ਕਰੌਸ  ਕਿਰਾਏਦਾਰਾਂ ਕੋਲ ਵੀ ਵੈਸਟ ਆਫ਼ ਸਕੋਟਲੈਂਡ ਦੇ ਕਿਰਾਏਦਾਰ ਸਲਾਹਕਾਰੀ ਸਮੂਹ ਵਿੱਚ ਸ਼ਾਮਲ ਹੋਣ ਦਾ ਮੌਕਾ ਹੋਵੇਗਾ। |

| ENGLISH | TARGET LANGUAGE |
|---|---|
| West of Scotland is a financially strong and resilient organisation. Sound ongoing financial management complements this financial strength and underpins the delivery of their business plan objectives. Through the transfer of engagements, West of Scotland's system of governance and financial strength will apply to the combined organisation, providing sound and compliant future governance and long term financial viability. Opportunities to reduce the combined costs of the two Associations will support better value for money and enable resources to be directed more to the issues that matter most to tenants. | ਵੈਸਟ ਆਫ਼ ਸਕੌਟਲੈਂਡ ਇੱਕ ਵਿੱਤੀ ਤੌਰ 'ਤੇ ਮਜ਼ਬੂਤ ਅਤੇ ਦ੍ਰਿੜ ਸੰਗਠਨ ਹੈ। ਚੱਲ ਰਿਹਾ ਮਜਬੂਤ ਵਿੱਤੀ ਪ੍ਰਬੰਧਨ ਇਸ ਵਿੱਤੀ ਤਾਕਤ ਨੂੰ ਪੂਰਾ ਕਰਦਾ ਹੈ ਅਤੇ ਉਨ੍ਹਾਂ ਦੇ ਕਾਰੋਬਾਰੀ ਯੋਜਨਾ ਦੇ ਉਦੇਸ਼ਾਂ ਦੀ ਪ੍ਰਦਾਨਗੀ ਲਈ ਸਹਾਰਾ ਦਿੰਦਾ ਹੈ। ਕਾਰੋਬਾਰ ਦੇ ਤਬਾਦਲੇ ਰਾਹੀਂ, ਵੈਸਟ ਆਫ਼ ਸਕੌਟਲੈਂਡ ਦੀ ਪ੍ਰਸ਼ਾਸਨ ਪ੍ਰਣਾਲੀ ਅਤੇ ਵਿੱਤੀ ਮਜਬੂਤੀ ਸੰਯੁਕਤ ਸੰਗਠਨ 'ਤੇ ਲਾਗੂ ਹੋਵੇਗੀ, ਜੋ ਮਜਬੂਤ ਅਤੇ ਪਾਲਣਾ ਵਾਲਾ ਭਵਿੱਖੀ ਪ੍ਰਸ਼ਾਸਨ ਅਤੇ ਲੰਬੇ ਸਮੇਂ ਦੀ ਵਿੱਤੀ ਵਿਹਾਰਕਤਾ ਪ੍ਰਦਾਨ ਕਰੇਗੀ। ਦੋਵਾਂ ਐਸੋਸੀਏਸ਼ਨਾਂ ਦੀਆਂ ਸੰਯੁਕਤ ਲਾਗਤਾਂ ਨੂੰ ਘਟਾਉਣ ਦੇ ਮੌਕੇ ਪੈਸੇ ਦੀ ਸਹੀ ਕੀਮਤ ਤਾਰਨ ਦਾ ਸਮਰਥਨ ਕਰਨਗੇ ਅਤੇ ਸ੍ਰੋਤਾਂ ਨੂੰ ਉਨ੍ਹਾਂ ਮੁੱਦਿਆਂ ਲਈ ਦੇਣ ਦੇ ਸਮਰੱਥ ਬਣਾਉਣਗੇ ਜੋ ਕਿਰਾਏਦਾਰਾਂ ਲਈ ਸਭ ਤੋਂ ਵੱਧ ਮਾਅਨੇ ਰੱਖਦੇ ਹਨ। |
| Developing our People | ਆਪਣੇ ਲੋਕਾਂ ਦਾ ਵਿਕਾਸ ਕਰਨਾ |
| West of Scotland transfer promise involves ensuring the local team is well managed and supported to achieve their best for you and the local community. The transfer to West of Scotland will provide a highly experienced and skilled management team to lead the local Charing Cross team to deliver excellent services and ensure long term success. | ਵੈਸਟ ਆਫ਼ ਸਕੌਟਲੈਂਡ ਦੇ ਤਬਾਦਲੇ ਦੇ ਵਾਅਦੇ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਸਥਾਨਕ ਟੀਮ ਤੁਹਾਡੇ ਅਤੇ ਸਥਾਨਕ ਭਾਈਚਾਰੇ ਲਈ ਆਪਣੀ ਸਭ ਤੋਂ ਵਧੀਆ ਪ੍ਰਾਪਤੀ ਲਈ ਚੰਗੀ ਤਰ੍ਹਾਂ ਪ੍ਰਬੰਧਿਤ ਅਤੇ ਸਹਾਇਤਾ-ਪ੍ਰਾਪਤ ਹੋਵੇ। ਵੈਸਟ ਆਫ਼ ਸਕੌਟਲੈਂਡ ਵਿੱਚ ਤਬਾਦਲਾ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਨ ਅਤੇ ਲੰਬੇ ਸਮੇਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਸਥਾਨਕ ਚਾਰਿੰਗ ਕਰੌਸ ਟੀਮ ਦੀ ਅਗਵਾਈ ਕਰਨ ਲਈ ਇੱਕ ਉੱਚ ਤਜਰਬੇਕਾਰ ਅਤੇ ਹੁਨਰਮੰਦ ਪ੍ਰਬੰਧਨ ਟੀਮ ਮੁਹੱਈਆ ਕਰੇਗਾ। |
| Opportunities for the small Charing Cross staff team will also improve through the transfer, including wide ranging learning activities that focus on helping them to achieve their best. A wide range of inhouse specialist business support services will be available to Charing Cross Team members to support local service delivery. The provision of modern ICT equipment for the local staff team would also provide them with the flexibility to work more in the community. | ਚਾਰਿੰਗ ਕਰੌਸ ਦੀ ਛੋਟੀ ਸਟਾਫ਼ ਟੀਮ ਲਈ ਮੌਕੇ ਵੀ ਤਬਾਦਲੇ ਰਾਹੀਂ ਸੁਧਾਰੇ ਜਾਣਗੇ, ਜਿਸ ਵਿੱਚ ਵਿਆਪਕ ਪੱਧਰ ਦੀਆਂ ਸਿੱਖਣ ਦੀਆਂ ਗਤੀਵਿਧੀਆਂ ਵੀ ਸ਼ਾਮਲ ਹਨ ਜੋ ਉਨ੍ਹਾਂ ਦੀ ਸਰਵੋਤਮ ਪ੍ਰਾਪਤੀ ਵਿੱਚ ਉਨ੍ਹਾਂ ਦੀ ਮਦਦ ਕਰਨ ਵੱਲ ਕੇਂਦਰਤ ਹਨ। ਸਥਾਨਕ ਸੇਵਾ ਪ੍ਰਦਾਨ ਕਰਨ ਲਈ ਸਹਾਇਤਾ ਵਾਸਤੇ ਚਾਰਿੰਗ ਕਰੌਸ ਟੀਮ ਦੇ ਮੈਂਬਰਾਂ ਲਈ ਵਿਆਪਕ ਪ੍ਰਕਾਰ ਦੀਆਂ ਅਦਾਰੇ-ਅੰਦਰਲੀਆਂ ਮਾਹਰ ਕਾਰੋਬਾਰੀ ਸਹਾਇਤਾ ਸੇਵਾਵਾਂ ਉਪਲਬਧ ਹੋਵੇਗੀ। ਸਥਾਨਕ ਸਟਾਫ਼ ਟੀਮ ਲਈ ਆਧੁਨਿਕ ਆਈ.ਸੀ.ਟੀ. ਉਪਕਰਨਾਂ ਦੀ ਵਿਵਸਥਾ ਉਨ੍ਹਾਂ ਨੂੰ ਭਾਈਚਾਰੇ ਵਿੱਚ ਹੋਰ ਕੰਮ ਕਰਨ ਲਈ ਲਚਕਤਾ ਪ੍ਰਦਾਨ ਕਰੇਗੀ। |

| ENGLISH | TARGET LANGUAGE |
|---|---|
| West of Scotland have in place new values and a values framework which is being implemented across West of Scotland's activities. This values framework forms the basis of their new Customer Care Charter which will help ensure all customers receive a high-quality service and includes the timescales customers should expect when contacting West of Scotland or requesting a service. | ਵੈਸਟ ਆਫ਼ ਸਕੌਟਲੈਂਡ ਵਿੱਚ ਨਵੇਂ ਆਦਰਸ਼ ਅਤੇ ਇੱਕ ਆਦਰਸ਼ਾਂ ਦਾ ਢਾਂਚਾ ਹੈ ਜੋ ਕਿ ਸਮੁੱਚੇ ਵੈਸਟ ਆਫ਼ ਸਕੌਟਲੈਂਡ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਇਹ ਆਦਰਸ਼ਾਂ ਵਾਲਾ ਢਾਂਚਾ ਉਨ੍ਹਾਂ ਦੇ ਨਵੇਂ ਕਸਟਮਰ ਕੇਅਰ ਚਾਰਟਰ ਦਾ ਅਧਾਰ ਬਣਦਾ ਹੈ ਜੋ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਸਾਰੇ ਗਾਹਕ ਉੱਚ-ਗੁਣਵੱਤਾ ਵਾਲੀ ਸੇਵਾ ਪ੍ਰਾਪਤ ਕਰਨ ਅਤੇ ਤੈਅਸ਼ੁਦਾ ਸਮੇਂ ਸ਼ਾਮਲ ਕਰਨ ਜਿਨ੍ਹਾਂ ਵਿੱਚ ਗਾਹਕ ਇਹ ਆਸ ਕਰ ਸਕਣ ਕਿ ਵੈਸਟ ਆਫ਼ ਸਕੌਟਲੈਂਡ ਨੂੰ ਕਦੋਂ ਸੰਪਰਕ ਕਰਨਾ ਹੈ ਜਾਂ ਸੇਵਾ ਲਈ ਬੇਨਤੀ ਕਦੋਂ ਕਰਨੀ ਹੈ। |
| You can view the Charter at www.westscot.co.uk. | ਤੁਸੀਂ ਚਾਰਟਰ ਨੂੰ www.westscot.co.uk 'ਤੇ ਦੇਖ ਸਕਦੇ ਹੋ। |
| http://www.westscot.co.uk/ | http://www.westscot.co.uk/ |
| *9* | 9 |
| What Happens Next? | ਅੱਗੇ ਕੀ ਹੁੰਦਾ ਹੈ? |
| **The publication of this Stage 1 Consultation Notice marks the start of formal tenant consultation process. There are three main stages involved in the consultation:** | **ਇਸ ਪੜਾਅ 1 ਦੇ ਸਲਾਹ-ਮਸ਼ਵਰੇ ਦੇ ਨੋਟਿਸ ਦਾ ਪ੍ਰਕਾਸ਼ਨ ਰਸਮੀ ਕਿਰਾਏਦਾਰ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੀ ਸ਼ੁਰੂਆਤ ਦਾ ਐਲਾਨ ਕਰਦਾ ਹੈ ਹੈ। ਸਲਾਹ-ਮਸ਼ਵਰੇ ਵਿੱਚ ਸ਼ਾਮਲ ਤਿੰਨ ਮੁੱਖ ਪੜਾਅ ਹਨ:** |
| **STAGE 1** | *ਪੜਾਅ 1* |
| Over the next month we are inviting you to share your views on the transfer plans and West of Scotland's offer. You have a right to | ਅਗਲੇ ਮਹੀਨੇ ਅਸੀਂ ਤੁਹਾਨੂੰ ਤਬਾਦਲਾ ਯੋਜਨਾਵਾਂ ਅਤੇ ਵੈਸਟ ਆਫ਼ ਸਕੌਟਲੈਂਡ ਪੇਸ਼ਕਸ਼ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦੇ ਰਹੇ ਹਾਂ। ਤੁਹਾਨੂੰ ਇਸ ਮਿਆਦ ਦੌਰਾਨ ਪ੍ਰਤੀਨਿਧਤਾਵਾਂ ਦੇਣ |
| make representations and provide any feedback on the plans during this period. It's important that you let us know your thoughts on the proposals by Monday 4th April 2022. | ਅਤੇ ਕੋਈ ਵੀ ਪ੍ਰਤੀਕਰਮ ਦੇਣ ਦਾ ਅਧਿਕਾਰ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਸੋਮਵਾਰ 4 ਅਪ੍ਰੈਲ 2022 ਤੱਕ ਸਾਨੂੰ ਪ੍ਰਸਤਾਵਾਂ 'ਤੇ ਆਪਣੇ ਵਿਚਾਰਾਂ ਬਾਰੇ  ਦੱਸੋ। |
| We plan to contact every tenant directly to find out their views on the transfer offer and staff from Charing Cross and West of Scotland will be visiting tenants in the coming weeks. If you are not home when we visit, we will give you a call. If you do not want a visit from us at this time, please let us know by phoning 0141 333 0404 or emailing transfer@cxha.org.uk | ਅਸੀਂ ਤਬਾਦਲੇ ਦੀ ਪੇਸ਼ਕਸ਼ 'ਤੇ ਹਰੇਕ ਕਿਰਾਏਦਾਰ ਦੇ ਵਿਚਾਰ ਜਾਣਨ ਲਈ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਨ ਦੀ ਯੋਜਨਾ ਬਣਾ ਰਹੇ ਹਾਂ ਅਤੇ ਚਾਰਿੰਗ ਕਰੌਸ  ਅਤੇ ਵੈਸਟ ਆਫ਼ ਸਕੌਟਲੈਂਡ ਤੋਂ ਸਟਾਫ਼ ਆਉਂਦੇ ਹਫ਼ਤਿਆਂ ਵਿੱਚ ਕਿਰਾਏਦਾਰਾਂ ਨੂੰ ਮਿਲਣ ਜਾਵੇਗਾ। ਜੇਕਰ ਤੁਸੀਂ ਸਾਡੇ ਵੱਲੋਂ ਆਉਣ 'ਤੇ ਘਰ ਨਹੀਂ ਹੁੰਦੇ ਹੋ, ਤਾਂ ਅਸੀਂ ਤੁਹਾਨੂੰ ਕਾਲ ਕਰਾਂਗੇ। ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਇਸ ਸਮੇਂ ਤੁਹਾਨੂੰ ਮਿਲਣ ਲਈ ਆਈਏ,  ਤਾਂ ਕਿਰਪਾ ਕਰਕੇ ਸਾਨੂੰ 0141 333 0404 'ਤੇ ਫ਼ੋਨ ਕਰਕੇ ਜਾਂ transfer@cxha.org.uk 'ਤੇ ਈਮੇਲ ਕਰਕੇ ਦੱਸੋ। |
| transfer@cxha.org.uk | transfer@cxha.org.uk |

| ENGLISH | TARGET LANGUAGE |
|---|---|
| *The safety of you, your family and our staff is our priority and any face- to-face contact with tenants will be in line with Scottish Government COVID guidance.* | *ਤੁਹਾਡੀ, ਤੁਹਾਡੇ ਪਰਿਵਾਰ ਅਤੇ ਸਾਡੇ ਸਟਾਫ ਦੀ ਸੁਰੱਖਿਆ ਸਾਡੀ ਤਰਜੀਹ ਹੈ ਅਤੇ ਕਿਰਾਏਦਾਰਾਂ ਨਾਲ ਕੋਈ ਵੀ ਆਹਮੋ-ਸਾਹਮਣੇ ਅਧਾਰਤ ਸੰਪਰਕ ਸਕਾਟਿਸ਼ ਸਰਕਾਰ ਦੀ ਕੋਵਿਡ ਸਬੰਧਤ ਸੇਧ ਅਨੁਸਾਰ ਹੋਵੇਗਾ।* |
| **STAGE 2** | **ਪੜਾਅ 2** |
| Once we hear and consider your views on the proposal, we will decide and notify you of any significant changes to the proposals as a result of your feedback. | ਇੱਕ ਵਾਰ ਜਦੋਂ ਅਸੀਂ ਪ੍ਰਸਤਾਵ 'ਤੇ ਤੁਹਾਡੇ ਵਿਚਾਰ ਸੁਣ ਲੈਂਦੇ ਹਾਂ ਅਤੇ ਵਿਚਾਰ ਲੈਂਦੇ ਹਾਂ, ਤਾਂ ਅਸੀਂ ਤੁਹਾਡੇ ਪ੍ਰਤੀਕਰਮ ਦੇ ਨਤੀਜੇ ਵੱਜੋਂ ਪ੍ਰਸਤਾਵਾਂ ਵਿੱਚ ਕਿਸੇ ਵੀ ਵੱਡੀਆਂ ਤਬਦੀਲੀਆਂ ਬਾਰੇ ਫੈਸਲਾ ਕਰਾਂਗੇ ਅਤੇ ਤੁਹਾਨੂੰ ਸੂਚਿਤ ਕਰਾਂਗੇ। |
| **TENANT BALLOT** | **ਕਿਰਾਏਦਾਰ ਮਤਦਾਨ** |
| If your feedback from Stage 1 is positive, all tenants will be invited to vote in an independent ballot that will run for at least 28 days. We hope to start the Ballot in May 2022. As we get closer to the ballot phase, you will receive a pre ballot alert and then your ballot paper in the post and information on the different ways you can vote. | ਜੇਕਰ ਪੜਾਅ 1 ਤੋਂ ਤੁਹਾਡਾ ਪ੍ਰਤੀਕਰਮ ਸਾਕਾਰਾਤਮਕ ਹੁੰਦਾ ਹੈ, ਤਾਂ ਸਾਰੇ ਕਿਰਾਏਦਾਰਾਂ ਨੂੰ ਇੱਕ ਸੁਤੰਤਰ ਮਤਦਾਨ ਲਈ ਵੋਟ ਪਾਉਣ ਲਈ ਸੱਦਾ ਦਿੱਤਾ ਜਾਵੇਗਾ ਜੋ ਘੱਟੋ-ਘੱਟ 28 ਦਿਨਾਂ ਤੱਕ ਚੱਲੇਗਾ। ਅਸੀਂ ਮਈ 2022 ਵਿੱਚ ਮਤਦਾਨ ਸ਼ੁਰੂ ਕਰਨ ਦੀ ਉਮੀਦ ਕਰਦੇ ਹਾਂ। ਜਿਵੇਂ-ਜਿਵੇਂ ਅਸੀਂ ਮਤਦਾਨ ਪੜਾਅ ਦੇ ਨੇੜੇ ਪਹੁੰਚਦੇ ਹਾਂ, ਤੁਹਾਨੂੰ ਇੱਕ ਮਤਦਾਨ ਤੋਂ ਪਹਿਲਾ ਅਲਰਟ ਅਤੇ ਫਿਰ ਡਾਕ ਵਿੱਚ ਤੁਹਾਡਾ ਮਤਦਾਨ ਪਰਚਾ ਅਤੇ ਵੱਖ-ਵੱਖ ਤਰੀਕਿਆਂ ਬਾਰੇ ਜਾਣਕਾਰੀ ਮਿਲੇਗੀ ਜਿਸ ਨਾਲ ਤੁਸੀਂ ਵੋਟ ਪਾ ਸਕਦੇ ਹੋ। |
| **Your views are very important so please read this leaflet carefully and on the back page you can** | **ਤੁਹਾਡੇ ਵਿਚਾਰ ਬਹੁਤ ਮਹੱਤਵਪੂਰਨ ਹਨ ਇਸ ਲਈ ਕਿਰਪਾ ਕਰਕੇ ਇਸ ਪਰਚੇ ਨੂੰ ਧਿਆਨ ਨਾਲ ਪੜ੍ਹੋ ਅਤੇ ਪਿਛਲੇ ਪੰਨੇ 'ਤੇ** |
| **find out how you can get involved. Please get in touch with us by Monday 4th April to give us your feedback.** | **ਤੁਸੀਂ ਇਸ ਬਾਰੇ ਪਤਾ ਲਗਾ ਸਕਦੇ ਹੋ ਕਿ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ। ਕਿਰਪਾ ਕਰਕੇ ਸਾਨੂੰ ਆਪਣਾ ਪ੍ਰਤੀਕਰਮ ਦੇਣ ਲਈ ਸੋਮਵਾਰ 4 ਅਪ੍ਰੈਲ ਤੱਕ ਸਾਡੇ ਨਾਲ ਸੰਪਰਕ ਕਰੋ।** |
| When the ballot opens, we would encourage you to vote 'Yes' to the transfer to West of Scotland. The transfer will only happen if a majority of tenants vote for it. This is your choice, and your vote really does count. | ਜਦੋਂ ਮਤਦਾਨ ਖੁੱਲ੍ਹਦਾ ਹੈ, ਅਸੀਂ ਤੁਹਾਨੂੰ ਵੈਸਟ ਆਫ਼ ਸਕੌਟਲੈਂਡ ਵੱਲ ਤਬਾਦਲੇ ਲਈ 'ਹਾਂ' ਵਾਸਤੇ ਵੋਟ ਪਾਉਣ ਲਈ ਉਤਸ਼ਾਹਿਤ ਕਰਾਂਗੇ। ਤਬਾਦਲਾ ਤਾਂ ਹੀ ਹੋਵੇਗਾ ਜੇਕਰ ਕਿਰਾਏਦਾਰਾਂ ਦੀ ਬਹੁਗਿਣਤੀ ਇਸ ਲਈ ਵੋਟ ਪਾਉਂਦੀ ਹੈ। ਇਹ ਤੁਹਾਡੀ ਚੋਣ ਹੈ, ਅਤੇ ਤੁਹਾਡੀ ਵੋਟ ਸੱਚਮੁੱਚ ਮਾਅਨੇ ਰੱਖਦੀ ਹੈ। |
| ***10*** | ***10*** |
| 'HaveYour Say' Tenant Consultation Events | *'ਆਪਣੀ ਰਾਏ ਰੱਖੋ'* ਕਿਰਾਏਦਾਰ ਦੇ ਸਲਾਹ-ਮਸ਼ਵਰੇ ਦੇ ਸਮਾਗਮ |
| Consultation Events | ਸਲਾਹ-ਮਸ਼ਵਰੇ ਸਬੰਧੀ ਸਮਾਗਮ |

| ENGLISH | TARGET LANGUAGE |
|---|---|
| We have planned consultation events so that you can come together with other tenants and hear more about the proposed transfer and transfer promises, ask questions and have your say. | ਅਸੀਂ ਸਲਾਹ-ਮਸ਼ਵਰੇ ਦੇ ਸਮਾਗਮਾਂ ਦੀ ਯੋਜਨਾ ਵੀ ਬਣਾਈ ਹੈ ਤਾਂ ਜੋ ਤੁਸੀਂ ਹੋਰ ਕਿਰਾਏਦਾਰਾਂ ਨਾਲ ਇਕੱਠੇ ਹੋ ਸਕੋ ਅਤੇ ਪ੍ਰਸਤਾਵਿਤ ਤਬਾਦਲੇ ਅਤੇ ਤਬਾਦਲੇ ਦੇ ਵਾਅਦਿਆਂ ਬਾਰੇ ਹੋਰ ਗੱਲਾਂ ਸੁਣ ਸਕੋ, ਸਵਾਲ ਪੁੱਛ ਸਕੋ ਅਤੇ ਆਪਣੀ ਰਾਏ ਦਿਓ। |
| We would love to see you at one of the events below and hear your views. At the Roadshows you will hear from Brian Gannon (CEO, West of Scotland), Mags Lightbody (Partnership Advisor) and Ilene Campbell from TIS on the proposals. At the drop-in sessions staff from Charing Cross and West of Scotland will be available for any tenant who would like to drop in for a more informal chat on the proposed transfer and the benefits for tenants. | ਅਸੀਂ ਤੁਹਾਨੂੰ ਹੇਠਾਂ ਦਿੱਤੇ ਸਮਾਗਮਾਂ ਵਿੱਚੋਂ ਇੱਕ ਵਿੱਚ ਦੇਖਣਾ ਅਤੇ ਤੁਹਾਡੇ ਵਿਚਾਰ ਸੁਣਨਾ ਪਸੰਦ ਕਰਾਂਗੇ। ਰੋਡਸ਼ੋਆਂ ਵਿੱਚ ਤੁਸੀਂ ਬ੍ਰਾਇਨ ਗੈਨਨ (ਸੀ.ਈ.ਓ., ਵੈਸਟ ਆਫ਼ ਸਕੋਟਲੈਂਡ), ਮੈਗਸ ਲਾਈਟਬਾਡੀ (ਪਾਰਟਨਰਸ਼ਿਪ ਸਲਾਹਕਾਰ) ਅਤੇ ਟੀ.ਆਈ.ਐੱਸ. ਤੋਂ ਇਲੀਨ ਕੈਂਪਬੈਲ ਤੋਂ ਪ੍ਰਸਤਾਵਾਂ ਬਾਰੇ ਸੁਣੋਗੇ। ਡ੍ਰੌਪ-ਇਨ ਸੈਸ਼ਨਾਂ ਵਿੱਚ ਚਾਰਿੰਗ ਕਰੌਸ  ਅਤੇ ਵੈਸਟ ਆਫ਼ ਸਕੋਟਲੈਂਡ ਤੋਂ ਸਟਾਫ ਕਿਸੇ ਵੀ ਕਿਰਾਏਦਾਰ ਲਈ ਉਪਲਬਧ ਹੋਵੇਗਾ ਜੋ ਪ੍ਰਸਤਾਵਿਤ ਤਬਾਦਲੇ ਅਤੇ ਕਿਰਾਏਦਾਰਾਂ ਲਈ ਫਾਇਦਿਆਂ ਬਾਰੇ ਵਧੇਰੇ ਗੈਰ ਰਸਮੀ ਗੱਲਬਾਤ ਲਈ ਬਿਨਾਂ ਅਪੌਇੰਟਮੈਂਟ ਤੋਂ ਆਉਣਾ ਚਾਹੇਗਾ। |
| If you cannot attend the below or would prefer an online meeting please let us know and we will get in touch with you. | ਜੇਕਰ ਤੁਸੀਂ ਹੇਠਾਂ ਦਿੱਤੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਦੇ ਜਾਂ ਇੱਕ ਔਨਲਾਈਨ ਮੀਟਿੰਗ ਨੂੰ ਤਰਜੀਹ ਦਿੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ। |
| **Roadshow** – Presentation and Q&A Session | **ਰੋਡ ਸ਼ੋਅ** - ਪੇਸ਼ਕਾਰੀ ਅਤੇ ਸਵਾਲ ਅਤੇ ਜਵਾਬ ਸੈਸ਼ਨ |
| **Drop-in session** – informal chance for tenants to drop in and ask any questions with staff. | **ਡ੍ਰੌਪ-ਇਨ ਸੈਸ਼ਨ** - ਸਟਾਫ ਤੋਂ ਬਗੈਰ ਕਿਸੇ ਅਗਾਊਂ ਅਪੌਇੰਟਮੈਂਟ ਆ ਕੇ ਕੋਈ ਵੀ ਸਵਾਲ ਪੁੱਛਣ ਵਾਸਤੇ ਕਿਰਾਏਦਾਰਾਂ ਕੋਲ ਇੱਕ ਗ਼ੈਰਰਸਮੀ ਮੌਕਾ |
| **If you need any help or assistance to attend the consultation event including an interpreter – just let us know.** | **ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਸਮੇਤ ਸਲਾਹ-ਮਸ਼ਵਰੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਕਿਸੇ ਮਦਦ ਜਾਂ ਸਹਾਇਤਾ ਦੀ ਲੋੜ ਹੈ - ਤਾਂ ਮਹਿਜ਼ ਸਾਨੂੰ ਦੱਸੋ।** |
| **To book a place at one of our Roadshows please call 0141 333 0404 or email transfer@cxha.org.uk** | **ਸਾਡੇ ਕਿਸੇ ਇੱਕ ਰੋਡਸ਼ੋਅ 'ਤੇ ਜਗ੍ਹਾ ਬੁੱਕ ਕਰਨ ਲਈ ਕਿਰਪਾ ਕਰਕੇ 0141 333 0404 'ਤੇ ਕਾਲ ਕਰੋ ਜਾਂ transfer@cxha.org.uk 'ਤੇ ਈਮੇਲ ਕਰੋ।** |
| transfer@cxha.org.uk | transfer@cxha.org.uk |
| **Date** | **ਤਾਰੀਖ਼** |
| **Format** | **ਫਾਰਮੇਟ** |
| **Time** | **ਸਮਾਂ** |
| **Location** | **ਟਿਕਾਣਾ** |

| ENGLISH | TARGET LANGUAGE |
|---|---|
| Tuesday 22nd March 2022 | ਮੰਗਲਵਾਰ 22 ਮਾਰਚ 2022 |
| Roadshows | ਰੋਡ ਸ਼ੋਅ |
| 1pm – 1.45pm 3.45pm – 4.30pm | ਬਾਅਦ ਦੁਪਹਿਰ 1 - 1.45 ਵਜੇ, ਬਾਅਦ ਦੁਪਹਿਰ 3.45 - 4.30 ਵਜੇ |
| The Albany Conference and Events Centre, | ਅਲਬਾਨੀ ਕਾਨਫਰੰਸ ਅਤੇ ਇਵੈਂਟਸ ਸੈਂਟਰ, |
| 44 Ashley Street, G3 6DS | 44 ਐਸ਼ਲੇ ਸਟ੍ਰੀਟ, G3 6DS |
| Drop In | ਡਰੌਪ ਇਨ |
| 2pm – 3.30pm | ਬਾਅਦ ਦੁਪਹਿਰ 2 - 3.30 ਵਜੇ |
| Roadshow | ਰੋਡ ਸ਼ੋਅ |
| 5pm – 6pm | ਸ਼ਾਮ 5-6 ਵਜੇ |
| Fred Paton Day Centre 19 Carrington St, G4 9AJ | ਫਰੇਡ ਪੈਟਨ ਡੇ ਸੈਂਟਰ 19 ਕੈਰਿੰਗਟਨ ਸੇਂਟ, G4 9AJ |
| Drop In | ਡਰੌਪ ਇਨ |
| 6pm – 7pm | ਸ਼ਾਮ 6 – 7 ਵਜੇ |
| Friday 25th March 2022 | ਸ਼ੁੱਕਰਵਾਰ 25 ਮਾਰਚ 2022 |
| Roadshows | ਰੋਡ ਸ਼ੋਅ |
| 1.30pm -2.15pm 4pm – 4.45pm | ਬਾਅਦ ਦੁਪਹਿਰ 1.30 -2.15 ਵਜੇ ਬਾਅਦ ਦੁਪਹਿਰ 4 - 4.45 ਵਜੇ |
| Garnethill Multi-Cultural Centre, 21 Rose St, | ਗਾਰਨੇਥਿਲ ਮਲਟੀ-ਕਲਚਰਲ ਸੈਂਟਰ, 21 ਰੋਜ਼ ਸੇਂਟ, |
| G3 6RE | G3 6RE |
| Drop Ins | ਡ੍ਰੌਪ ਇਨਜ਼ |
| 2.30pm – 3.30pm | ਬਾਅਦ ਦੁਪਹਿਰ 2.30 - 3.30 ਵਜੇ |
| Independent Advice FromTIS<br>TheTenants Information Service | ਟੀ.ਆਈ.ਐੱਸ. ਤੋਂ ਸੁਤੰਤਰ ਸਲਾਹ<br><br>ਕਿਰਾਏਦਾਰਾਂ ਦੀ ਸੂਚਨਾ ਸੇਰਾ |
| The Tenants Information Service (TIS) has been appointed as your free and | ਕਿਰਾਏਦਾਰ ਸੂਚਨਾ ਸੇਵਾ (ਟੀ.ਆਈ.ਐੱਸ.) ਦੀ ਤੁਹਾਡੇ ਲਈ ਮੁਫ਼ਤ |

| ENGLISH | TARGET LANGUAGE |
|---|---|
| independent advisor to make sure you have all the information and support you need. | ਸੁਤੰਤਰ ਸਲਾਹਕਾਰ ਵੱਜੋਂ ਨਿਯੁਕਤੀ ਕੀਤੀ ਗਈ ਹੈ ਜੋ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਕੋਲ ਲੋੜੀਂਦੀ ਸਾਰੀ ਜਾਣਕਾਰੀ ਅਤੇ ਸਹਾਇਤਾ ਹੁੰਦੀ ਹੈ। |
| They have independently assessed the Business Case that underpins this proposal and have worked with tenants to shape the transfer proposal. | ਉਨ੍ਹਾਂ ਨੇ ਸੁਤੰਤਰ ਤੌਰ 'ਤੇ ਕਾਰੋਬਾਰ ਕੇਸ ਦਾ ਮੁਲਾਂਕਣ ਕੀਤਾ ਹੈ ਜੋ ਇਸ ਪ੍ਰਸਤਾਵ ਦੀ ਪੁਸ਼ਟੀ ਕਰਦਾ ਹੈ ਅਤੇ ਤਬਾਦਲਾ ਪ੍ਰਸਤਾਵ ਨੂੰ ਰੂਪ ਦੇਣ ਲਈ ਕਿਰਾਏਦਾਰਾਂ ਨਾਲ ਕੰਮ ਕੀਤਾ ਹੈ। |
| TIS have been involved with Charing Cross tenants from the start, helping them shape the proposal. TIS encourages every tenant to carefully read this booklet and take the opportunity to contribute their thoughts | ਟੀ.ਆਈ.ਐੱਸ. ਸ਼ੁਰੂ ਤੋਂ ਹੀ ਚਾਰਿੰਗ ਕਰੌਸ ਕਿਰਾਏਦਾਰਾਂ ਨਾਲ ਸ਼ਾਮਲ ਹੈ, ਪ੍ਰਸਤਾਵ ਨੂੰ ਰੂਪ ਦੇਣ ਵਿੱਚ ਉਨ੍ਹਾਂ ਦੀ ਮਦਦ ਕਰਦੀ ਹੈ। ਟੀ.ਆਈ.ਐੱਸ. ਹਰ ਕਿਰਾਏਦਾਰ ਨੂੰ ਇਸ ਕਿਤਾਬਚੇ ਨੂੰ ਧਿਆਨ ਨਾਲ ਪੜ੍ਹਨ ਅਤੇ ਆਪਣੇ ਵਿਚਾਰਾਂ ਅਤੇ ਰਾਏ ਲਈ ਯੋਗਦਾਨ |
| and views. | ਪਾਉਣ ਦਾ ਮੌਕਾ ਦਿੰਦੀ ਹੈ। |
| You can get it touch with TIS during office hours on: 0800 488 0982 or email info@TIS.org | ਤੁਸੀਂ 0800 488 0982 ’ਤੇ ਦਫਤਰੀ ਸਮੇਂ ਦੌਰਾਨ ਟੀ.ਆਈ.ਐੱਸ. ਨਾਲ ਸੰਪਰਕ ਕਰ ਸਕਦੇ ਹੋ ਜਾਂ info@TIS.org ’ਤੇ ਈਮੇਲ ਕਰ ਸਕਦੇ ਹੋ |
| info@TIS.org | info@TIS.org |
| ***11*** | ***11*** |
| We are satisfied that the best option for tenants is to transfer to West of Scotland It will secure a | ਅਸੀਂ ਸੰਤੁਸ਼ਟ ਹਾਂ ਕਿ ਕਿਰਾਏਦਾਰਾਂ ਲਈ ਸਭ ਤੋਂ ਵਧੀਆ ਵਿਕਲਪ ਵੈਸਟ ਆਫ਼ ਸਕੌਟਲੈਂਡ ਵਿੱਚ ਤਬਾਦਲਾ ਕਰਨਾ ਹੈ ਇਹ |
| rent freeze for 2023/24 and CPI inflation increases as a maximum thereafter. The next 5 years will also see increased investment in your homes and neighbourhood and improve the way services are delivered and managed. | 2023/24 ਲਈ ਕਿਰਾਇਆ ਦੀ ਰੋਕ ਨੂੰ ਪ੍ਰਾਪਤ ਕਰੇਗਾ ਅਤੇ ਇਸ ਤੋਂ ਬਾਅਦ ਸੀ.ਪੀ.ਆਈ. ਮਹਿੰਗਾਈ ਦਰ ਜ਼ਿਆਦਾ ਤੋਂ ਜ਼ਿਆਦਾ ਹੁੰਦੀ ਹੈ। ਅਗਲੇ 5 ਸਾਲਾਂ ਵਿੱਚ ਤੁਹਾਡੇ ਘਰਾਂ ਅਤੇ ਆਂਢ-ਗੁਆਂਢ ਵਿੱਚ ਵੀ ਨਿਵੇਸ਼ ਵਧੇਗਾ ਅਤੇ ਸੇਵਾਵਾਂ ਪ੍ਰਦਾਨ ਕਰਨ ਅਤੇ ਇਨ੍ਹਾਂ ਦਾ ਪ੍ਰਬੰਧ ਕਰਨ ਦੇ ਤਰੀਕੇ ਵਿੱਚ ਸੁਧਾਰ ਹੋਵੇਗਾ। |
| I would encourage every tenant to carefully read about the proposed transfer and take the opportunity to give your thoughts and ideas. | ਮੈਂ ਹਰੇਕ ਕਿਰਾਏਦਾਰ ਨੂੰ ਪ੍ਰਸਤਾਵਿਤ ਤਬਾਦਲੇ ਬਾਰੇ ਧਿਆਨ ਨਾਲ ਪੜ੍ਹਨ ਅਤੇ ਆਪਣੇ ਵਿਚਾਰ ਅਤੇ ਸੁਝਾਅ ਦੇਣ ਦਾ ਮੌਕਾ ਹਾਸਲ ਕਰਨ ਲਈ ਉਤਸ਼ਾਹਿਤ ਕਰਾਂਗੀ। |
| As well as speaking to staff from Charing Cross and West of Scotland, you can also speak to the TIS team for impartial advice on the transfer | ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਦੇ ਸਟਾਫ ਨਾਲ ਗੱਲ ਕਰਨ ਦੇ ਨਾਲ-ਨਾਲ, ਤੁਸੀਂ ਤਬਾਦਲਾ ਪ੍ਰਸਤਾਵਾਂ ਅਤੇ ਇਸ ਬਾਰੇ ਨਿਰਪੱਖ ਸਲਾਹ ਲਈ ਟੀ.ਆਈ.ਐੱਸ. ਟੀਮ ਨਾਲ ਵੀ ਗੱਲ ਕਰ |

| ENGLISH | TARGET LANGUAGE |
|---|---|
| proposals and what it means for you and your home. We can also help you to get more involved in the process if you'd like too. | ਸਕਦੇ ਹੋ ਕਿ ਅਤੇ ਤੁਹਾਡੇ ਅਤੇ ਤੁਹਾਡੇ ਘਰ ਲਈ ਇਸ ਦਾ ਕੀ ਅਰਥ ਹੈ। ਜੇਕਰ ਤੁਸੀਂ ਵੀ ਚਾਹੋਗੇ ਤਾਂ ਅਸੀਂ ਪ੍ਰਕਿਰਿਆ ਵਿੱਚ ਤੁਹਾਡੀ ਹੋਰ ਸ਼ਾਮਲ ਹੋਣ ਵਿੱਚ ਵੀ ਮਦਦ ਕਰ ਸਕਦੇ ਹਾਂ। |
| Ilene Campbell, TIS Chief Executive | ਇਲੀਨ ਕੈਂਪਬੈਲ, ਟੀ.ਆਈ.ਐੱਸ. ਦੀ ਮੁੱਖ ਕਾਰਜਕਾਰੀ |
| Frequently Asked Questions | ਅਕਸਰ ਪੁੱਛੇ ਜਾਂਦੇ ਸਵਾਲ |
| **Why can only tenants vote in the ballot?** | **ਮਤਦਾਨ ਵਿੱਚ ਸਿਰਫ਼ ਕਿਰਾਏਦਾਰ ਹੀ ਕਿਉਂ ਵੋਟ ਪਾ ਸਕਦੇ ਹਨ?** |
| The formal consultation and ballot are on the proposed change of the landlord. Legislation sets out that both the formal consultation and ballots are only a matter for tenants (including joint tenants) with a secure tenancy. The Scottish Housing Regulator's guidance on consultation involving a change of landlord can be accessed at **www.housingregulator.gov.scot/for- landlords/statutory-guidance/tenant-consultation-and-approval.** | ਰਸਮੀ ਸਲਾਹ-ਮਸ਼ਵਰੇ ਅਤੇ ਮਤਦਾਨ ਲੈਂਡਲਾਰਡ (ਮਕਾਨ ਮਾਲਕ) ਦੀ ਪ੍ਰਸਤਾਵਿਤ ਤਬਦੀਲੀ ਬਾਰੇ ਹਨ। ਕਾਨੂੰਨ ਇਸ ਬਾਰੇ ਦੱਸਦਾ ਹੈ ਕਿ ਰਸਮੀ ਸਲਾਹ-ਮਸ਼ਵਰੇ ਅਤੇ ਮਤਦਾਨ ਦੋਵੇਂ ਹੀ ਸੁਰੱਖਿਅਤ ਕਿਰਾਏਦਾਰੀ ਵਾਲੇ ਕਿਰਾਏਦਾਰਾਂ (ਸੰਯੁਕਤ ਕਿਰਾਏਦਾਰਾਂ ਸਮੇਤ) ਲਈ ਸਬੰਧਤ ਮਾਮਲਾ ਹਨ। ਲੈਂਡਲਾਰਡ ਦੀ ਤਬਦੀਲੀ ਦੀ ਸ਼ਮੂਲੀਅਤ ਨਾਲ ਸਬੰਧਤ ਸਕੌਟਿਸ਼ ਹਾਊਸਿੰਗ ਰੈਗੂਲੇਟਰ ਦੀ ਸੇਧ **www.housingregulator.gov.scot/for-landlords/statutory-guidance/tenant-consultation-and-approval** 'ਤੇ ਪ੍ਰਾਪਤ ਕੀਤਾ ਜਾ ਸਕਦਾ ਹੈ। |
| http://www.housingregulator.gov.scot/for- | http://www.housingregulator.gov.scot/for- |
| **Do I need to sign a new tenancy agreement if the transfer goes ahead?** | **ਜੇਕਰ ਤਬਾਦਲਾ ਅੱਗੇ ਵਧਦਾ ਹੈ ਤਾਂ ਕੀ ਮੈਨੂੰ ਨਵੇਂ ਕਿਰਾਏਦਾਰੀ ਸਮਝੌਤੇ 'ਤੇ ਦਸਤਖਤ ਕਰਨ ਦੀ ਲੋੜ ਹੈ?** |
| No, your tenancy agreement would automatically transfer to West of Scotland Housing Association and all of your existing rights would be fully protected. | ਨਹੀਂ, ਤੁਹਾਡਾ ਕਿਰਾਏਦਾਰੀ ਇਕਰਾਰਨਾਮਾ ਆਪਣੇ ਆਪ ਹੀ ਵੈਸਟ ਆਫ ਸਕੌਟਲੈਂਡ ਹਾਊਸਿੰਗ ਐਸੋਸੀਏਸ਼ਨ ਵਿੱਚ ਤਬਦੀਲ ਹੋ ਜਾਵੇਗਾ ਅਤੇ ਤੁਹਾਡੇ ਸਾਰੇ ਮੌਜੂਦਾ ਅਧਿਕਾਰ ਪੂਰੀ ਤਰ੍ਹਾਂ ਸੁਰੱਖਿਅਤ ਹੋਣਗੇ। |
| **Will the Charing Cross factoring service be changed?** | **ਕੀ ਚਾਰਿੰਗ ਕਰੌਸ  ਫੈਕਟਰਿੰਗ ਸੇਵਾ ਨੂੰ ਬਦਲਿਆ ਜਾਵੇਗਾ?** |
| If tenants vote for the transfer to go ahead then the role of factor would automatically transfer to West of Scotland. Your factoring agreement and all existing rights are protected and any monies owed/due and all liabilities would pass to West of Scotland. If the transfer proceeds there would be a fairly seamless transition of the services you receive to West of Scotland. | ਜੇਕਰ ਕਿਰਾਏਦਾਰ ਵਧਣ ਲਈ ਤਬਾਦਲੇ ਲਈ ਵੋਟ ਦਿੰਦੇ ਹਨ ਤਾਂ ਫੈਕਟਰ ਦੀ ਭੂਮਿਕਾ ਆਪਣੇ ਆਪ ਵੈਸਟ ਆਫ਼ ਸਕੌਟਲੈਂਡ ਵੱਲ ਤਬਦੀਲ ਹੋ ਜਾਵੇਗੀ। ਤੁਹਾਡਾ ਫੈਕਟਰਿੰਗ ਇਕਰਾਰਨਾਮਾ ਅਤੇ ਸਾਰੇ ਮੌਜੂਦਾ ਅਧਿਕਾਰ ਸੁਰੱਖਿਅਤ ਹਨ ਅਤੇ ਕੋਈ ਵੀ ਦੇਣਯੋਗ ਪੈਸਾ /ਬਕਾਇਆ ਅਤੇ ਸਾਰੀਆਂ ਦੇਣਦਾਰੀਆਂ ਵੈਸਟ ਆਫ਼ ਸਕੌਟਲੈਂਡ ਨੂੰ ਭੇਜੀਆਂ ਜਾਣਗੀਆਂ। ਜੇਕਰ ਤਬਾਦਲਾ ਅੱਗੇ ਵਧਦਾ ਹੈ ਉਨ੍ਹਾਂ ਸੇਵਾਵਾਂ ਦੀ ਇੱਕ ਤਰ੍ਹਾਂ ਨਿਰਵਿਘਨ ਬਦਲਾਅ ਹੋਵੇਗਾ ਜੋ ਤੁਸੀਂ ਵੈਸਟ ਆਫ਼ ਸਕੌਟਲੈਂਡ ਤੋਂ ਪ੍ਰਾਪਤ ਕਰੋਗੇ। |

| ENGLISH | TARGET LANGUAGE |
|---|---|
| West of Scotland are already a registered property factor and have experience in managing the type of homes that Charing Cross have. | ਵੈਸਟ ਆਫ ਸਕੋਟਲੈਂਡ ਪਹਿਲਾਂ ਹੀ ਇੱਕ ਰਜਿਸਟਰਡ ਪ੍ਰਾਪਰਟੀ ਫੈਕਟਰ ਹੈ ਅਤੇ ਉਨ੍ਹਾਂ ਕੋਲ ਚਾਰਿੰਗ ਕਰੌਸ ਵਰਗੇ ਘਰਾਂ ਦਾ ਪ੍ਰਬੰਧਨ ਕਰਨ ਦਾ ਤਜਰਬਾ ਹੈ। |
| **What happens to my 'membership' of Charing Cross if the transfer goes ahead?** | **ਜੇਕਰ ਤਬਾਦਲਾ ਅੱਗੇ ਵਧਦਾ ਹੈ ਤਾਂ ਚਾਰਿੰਗ ਕਰੌਸ  ਦੀ ਮੇਰੀ 'ਮੈਂਬਰਸ਼ਿਪ' ਦਾ ਕੀ ਹੋਵੇਗਾ?** |
| If you hold an existing £1 share in Charing Cross this will transfer to West of Scotland who will issue you a new £1 share membership in West of Scotland. | ਜੇਕਰ ਤੁਹਾਡੇ ਕੋਲ ਚਾਰਿੰਗ ਕਰੌਸ ਵਿੱਚ ਮੌਜੂਦਾ £1 ਸ਼ੇਅਰ ਹੈ ਤਾਂ ਇਹ ਵੈਸਟ ਆਫ਼ ਸਕੋਟਲੈਂਡ ਵੱਲ ਤਬਦੀਲ ਹੋ ਜਾਵੇਗਾ ਜੋ ਤੁਹਾਨੂੰ ਵੈਸਟ ਆਫ਼ ਸਕੋਟਲੈਂਡ ਵਿੱਚ ਇੱਕ ਨਵੀਂ £1 ਸ਼ੇਅਰ ਦੀ ਮੈਂਬਰਸ਼ਿਪ ਜਾਰੀ ਕਰੇਗਾ। |
| How to Give yourViews | ਆਪਣੇ ਵਿਚਾਰ ਕਿਵੇਂ ਦੇਣੇ ਹਨ |
| **Your thoughts and views on the transfer proposal are very important for us.** | **ਤਬਾਦਲੇ ਦੇ ਪ੍ਰਸਤਾਵ ਬਾਰੇ ਤੁਹਾਡੇ ਵਿਚਾਰ ਅਤੇ ਰਾਏ ਸਾਡੇ ਲਈ ਬਹੁਤ ਮਹੱਤਵਪੂਰਨ ਹਨ।** |
| **You can let us know what these are in a number of different ways:** | **ਤੁਸੀਂ ਵੱਖ-ਵੱਖ ਤਰੀਕਿਆਂ ਨਾਲ ਦੱਸ ਸਕਦੇ ਹੋ ਕਿ ਇਹ ਕੀ ਹਨ:** |
| Come along to our Drop-In Sessions (find out more on page 11) | ਸਾਡੇ ਡਰਾਪ-ਇਨ ਸੈਸ਼ਨਾਂ 'ਤੇ ਆਓ (ਪੰਨੇ 11 'ਤੇ ਹੋਰ ਜਾਣੋ) |
| Chat to us when we visit you | ਜਦੋਂ ਅਸੀਂ ਤੁਹਾਨੂੰ ਮਿਲਣ ਜਾਂਦੇ ਹਾਂ ਤਾਂ ਸਾਡੇ ਨਾਲ ਗੱਲਬਾਤ ਕਰੋ |
| Phone us on 0141 333 0404 | ਸਾਨੂੰ 0141 333 0404 'ਤੇ ਫ਼ੋਨ ਕਰੋ |
| Email transfer@cxha.org.uk | ਈਮੇਲ ਕਰੋ: transfer@cxha.org.uk |
| transfer@cxha.org.uk | transfer@cxha.org.uk |
| Facebook - send us a message at www.facebook.com/CharingCrossHA | ਫੇਸਬੁੱਕ - ਸਾਨੂੰ www.facebook.com/CharingCrossHA 'ਤੇ ਸੁਨੇਹਾ ਭੇਜੋ |
| http://www.facebook.com/CharingCrossHA | http://www.facebook.com/CharingCrossHA |
| Complete our short survey at www.surveymonkey.co.uk/r/CXHASTG1. You can also phone us to complete this. | www.surveymonkey.co.uk/r/CXHASTG1 'ਤੇ ਸਾਡਾ ਸੰਖੇਪ ਸਰਵੇਖਣ ਪੂਰਾ ਕਰੋ। ਇਸ ਨੂੰ ਪੂਰਾ ਕਰਨ ਲਈ ਤੁਸੀਂ ਸਾਨੂੰ ਫ਼ੋਨ ਵੀ ਕਰ ਸਕਦੇ ਹੋ। |
| http://www.surveymonkey.co.uk/r/CXHASTG1 | http://www.surveymonkey.co.uk/r/CXHASTG1 |

| ENGLISH | TARGET LANGUAGE |
|---|---|
| Contact the Tenants Information Service (TIS), your independent tenant advisors on their FREEPHONE number 0800 488 0982 or by emailing info@tis.org.uk. | ਕਿਰਾਏਦਾਰ ਸੂਚਨਾ ਸੇਵਾ (ਟੀ.ਆਈ.ਐੱਸ.), ਤੁਹਾਡੇ ਸੁਤੰਤਰ ਕਿਰਾਏਦਾਰ ਸਲਾਹਕਾਰਾਂ, ਨਾਲ ਉਨ੍ਹਾਂ ਦੇ ਮੁਫ਼ਤ ਫ਼ੋਨ ਨੰਬਰ 0800 488 0982 'ਤੇ ਜਾਂ info@tis.org.uk 'ਤੇ ਈਮੇਲ ਕਰਕੇ ਸੰਪਰਕ ਕਰੋ। |
| info@tis.org.uk | info@tis.org.uk |
| A translated copy of this newsletter in Urdu ( اردو), Punjabi (ਪੰਜਾਬੀ), Simplified Chinese (简体中文) and Arabic ( ) can be obtained from www.cxha.org.uk or by calling 0141 333 0404 or by | ਇਸ ਨਿਊਜ਼ਲੈਟਰ ਦੀ ਅਨੁਵਾਦਤ ਕਾਪੀ ਉਰਦੂ ( اردو), ਪੰਜਾਬੀ (ਪੰਜਾਬੀ), ਸਰਲ ਬਣਾਈ ਚੀਨੀ (简体中文) ਅਤੇ ਅਰਬੀ ( ) ਭਾਸ਼ਾ ਵਿੱਚ www.cxha.org.uk ਤੋਂ ਜਾਂ 0141 333 0404 ’ਤੇ ਕਾਲ ਕਰਕੇ ਜਾਂ ਅੱਗੇ ਅਨੁਸਾਰ ਪ੍ਰਾਪਤ ਕੀਤੀ ਜਾ ਸਕਦੀ ਹੈ |
| http://www.cxha.org.uk/ | http://www.cxha.org.uk/ |
| email transfer@cxha.org.uk | ਈਮੇਲ transfer@cxha.org.uk |
| transfer@cxha.org.uk | transfer@cxha.org.uk |

**ਵਿਕਲਪ | +**